# ਜਮਾਤ - ਨੌਂਵੀਂ ਪੈਰਾ - ਰਚਨਾ
# ਸਕੂਲ ਵਿੱਚ ਸਫ਼ਾਈ



Edit with WPS Office

# ਸਕੂਲ ਵਿੱਚ ਸਫ਼ਾਈ

ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬੜੀ ਜ਼ਰੂਰੀ ਹੈ । ਸਕੂਲ ਵਿੱਚ ਕੂੜਾ - ਕਰਕਟ ਵਧੇਰੇ ਕਰਕੇ ਪਾਟੇ ਹੋਏ ਕਾਗ਼ਜ਼ਾਂ ਆਦਿ ਦਾ ਹੀ ਹੁੰਦਾ ਹੈ , ਇਸ ਲਈ ਜੇ ਹਰ ਵਿਦਿਆਰਥੀ ਅਜਿਹਾ ਕੂੜਾ - ਕਰਕਟ ਖਿਲਾਰਨ ਤੋਂ ਸੰਕੋਚ ਕਰੇ ਤਾਂ ਗੰਦਗੀ ਬਹੁਤ ਘੱਟ ਫੈਲੇਗੀ । ਕੁਝ ਮਿੱਟੀ - ਘੱਟਾ ਤੇਜ਼ ਹਵਾ ਚੱਲਣ ਨਾਲ ਹੁੰਦਾ ਹੈ ਜਿਸ ਲਈ ਹਰ ਰੋਜ਼ ਸਫ਼ਾਈ ਦੀ ਲੋੜ ਹੈ । ਆਮ ਸਕੂਲਾਂ ਵਿੱਚ ਇੱਕ ਸਫ਼ਾਈ ਸੇਵਕ ਹੁੰਦਾ ਹੈ । ਚੰਗੇ ਸਕੂਲਾਂ ਵਿੱਚ ਸਫ਼ਾਈ ਦਾ ਬਹੁਤਾ ਕੰਮ ਵਿਦਿਆਰਥੀਆਂ ਕੋਲੋਂ ਹੀ ਕਰਵਾਇਆ ਜਾਂਦਾ ਹੈ । ਇਸ ਤਰ੍ਹਾਂ ਉਹਨਾਂ ਨੂੰ ਆਪਣੀ ਸਫ਼ਾਈ ਆਪ ਕਰਨ ਦੀ ਜਾਚ ਆਉਂਦੀ ਹੈ । ਕਈਆਂ ਸਕੂਲਾਂ ਵਿੱਚ ਵੱਖ - ਵੱਖ ਸ਼੍ਰੇਣੀਆਂ ਦੇ ਸਫ਼ਾਈ ਮੁਕਾਬਲੇ ਹੁੰਦੇ ਹਨ , ਇਸ ਲਈ ਹਰ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਆਲੇ - ਦੁਆਲੇ ਨੂੰ ਇੱਕ ਪਾਸੇ ਘੱਟ ਗੰਦਾ ਕਰਨ ਅਤੇ ਦੂਜੇ ਪਾਸੇ ਸਾਫ਼ ਰੱਖਣ ਦੀ ਪੂਰੀ ਕੋਸ਼ਸ਼ ਕਰਦੇ ਹਨ ॥

Edit with WPS Office

ਤਿਆਰ ਕਰਤਾ:ਬਲਜਿੰਦਰ ਕੌਰ ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ, ਜਲੰਧਰ ।

Edit with WPS Office